# ਬੁੱੜੇਵਾਲ ਪਬਲਿਕ ਸਕੂਲ ਲੁਧਿਆਣਾ ਨੇ 3-0 ਨਾਲ ਜਿੱਤਿਆ ਲੁਧਿਆਣਾ ਜ਼ੋਨਲ ਫੁੱਟਬਾਲ ਟੂਰਨਾਮੈਂਟ

**■ ਬੈਸਟ ਗੋਲਕੀਪਰ ਦਾ ਐਵਾਰਡ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ**

ਲੁਧਿਆਣਾ (ਐੱਚ ਐੱਸ ਚੀਮਾ)- ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਆਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ −38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ, ਜਿਸ 'ਚ 32 ਸਕੂਲਾਂ ਦੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ।

ਲੁਧਿਆਣਾ ਜ਼ੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱੜੇਵਾਲ ਪਬਲਿਕ ਸਕੂਲ ਅਤੇ ਟੈਗੋਰ ਇੰਟਰਨੈਸ਼ਨਲ ਸਕੂਲ ਵਿਚਕਾਰ ਖੇਡਿਆ ਗਿਆ।

ਬੁੱੜੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੈਸ਼ਨਲ ਸਕੂਲ ਨੂੰ 3—0 ਨਾਲ ਹਰਾ ਕੇ ਫਾਈਨਲ ਜਿੱਤ ਲਿਆ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ ਇੱਕ ਗੋਲ ਕੀਤਾ।

ਇਸ ਤੋਂ ਪਹਿਲਾਂ ਸੈਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਰੇਯਾਨ ਇੰਟਰਨੈਸ਼ਨਲ ਸਕੂਲ ਨਾਲ ਅਤੇ ਟੈਗੋਰ ਇੰਟਰਨੈਸ਼ਨਲ ਸਕੂਲ ਦਾ ਮੁਕਾਬਲਾ ਜੀ ਐੱਸ ਐੱਸ ਐੱਸ ਜਿੰਦਾਲੀ ਨਾਲ ਹੋਇਆ। ਬੁੱੜੇਵਾਲ ਪਬਲਿਕ ਸਕੂਲ ਨੇ ਰੇਯਾਨ ਇੰਟਰਨੈਸ਼ਨਲ ਸਕੂਲ ਨੂੰ 4 −0 ਨਾਲ ਹਰਾ ਕੇ ਫਾਈਨਲ ਵਿੱਚ ਆਪਣਾ ਸਥਾਨ ਪੱਕਾ ਕੀਤਾ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫੋਂ ਹਰਪਰੀਤ ਸਿੰਘ ਨੇ ਇੱਕ, ਸੋਨੂ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਟੈਗੋਰ ਇੰਟਰਨੈਸ਼ਨਲ ਸਕੂਲ ਅਤੇ ਜੀ ਐੱਸ ਐੱਸ ਐੱਸ ਜਿੰਦਾਲੀ ਵਿਚਕਾਰ ਹੋਏ ਸੈਮੀ ਫਾਈਨਲ ਮੁਕਾਬਲੇ ਵਿੱਚ ਟੈਗੋਰ ਇੰਟਰਨੈਸ਼ਨਲ ਸਕੂਲ ਨੇ ਜੀ ਐੱਸ ਐੱਸ ਐੱਸ ਜਿੰਦਾਲੀ ਨੂੰ 1- 0 ਨਾਲ ਹਰਾਇਆ। ਟੈਗੋਰ ਇੰਟਰੈਸ਼ਨਲ ਸਕੂਲ ਦੀ ਤਰਫ ਤੋਂ ਹਰਿੰਦਰਦੀਪ ਸਿੰਘ ਨੇ 1 ਗੋਲ ਕੀਤਾ।

ਬੈਸਟ ਗੋਲਕੀਪਰ ਦਾ ਐਵਾਰਡ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਸਭਤੋਂ ਵਧ ਗੋਲ ਕਰਨ ਵਾਲਾ ਖਿਡਾਰੀ ਅਤੇ ਸਭ ਤੋਂ ਬੇਹਤਰ ਖਿਡਾਰੀ ਐਵਾਰਡ ਦਿੱਤਾ ਗਿਆ।

ਟੂਰਨਾਮੈਂਟ ਦੇ ਹੈਡ ਸਕਾਊਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਹੇ ਹਨ ਤਾਂ ਜੋ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿੱਭਾਵਾਨ ਬੱਚਿਆਂ ਦੀ ਖੋਜ ਹੋ ਸਕੇ।

ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ ਇੱਕ ਪਹਿਲ ਹੈ, ਜੋ ਦੇਸ਼ ਭਰ ਦੇ ਸ਼ਹਿਰਾਂ ਵਿੱਚ ਅਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿਚ ਹੁਣ ਤੀਕ 5 ਸ਼ਹਿਰਾਂ ਦੇ 180 ਤੋਂ ਜ਼ਿਆਦਾ ਸਕੂਲ ਅਤੇ 1900 ਤੋਂ ਜ਼ਿਆਦਾ ਵਿਦਿਆਰਥੀ ਭਾਗ ਲੈ ਰਹੇ ਹਨ।

ਇਸ ਪਹਿਲ ਦੀ ਸ਼ੁਰੂਆਤ 2007 ਵਿੱਚ ਹੋਈ ਸੀ, ਜਿਸ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਫੁੱਟਬਾਲ ਪ੍ਰਤਿੱਭਾਵਾਨ ਬੱਚਿਆਂ ਦੀ ਖੋਜ ਕਰਕੇ ਅਤੇ ਉਨ੍ਹਾਂ ਨੂੰ ਬੜ੍ਹਾਵਾ ਦੇ ਕੇ ਵਿਸ਼ਵ ਪੱਧਰੀ ਮੰਚ ਪ੍ਰਦਾਨ ਕਰਨਾ ਹੈ।